# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 10 ਸਤੰਬਰ 2025 ਦਿਨ ਬੁੱਧਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਕਿਸਾਨਾਂ ਲਈ 'ਜਿਸ ਦਾ ਖੇਤ ਉਸ ਦੀ ਰੇਤ' ਸਕੀਮ ਦੇਣ ਦੇ ਫ਼ੈਸਲੇ ਦਾ ਜ਼ਿਲ੍ਹਾ ਪ੍ਰਧਾਨ ਸੋਸ਼ਲ ਮੀਡੀਆ ਨੇ ਕੀਤਾ ਸਵਾਗਤ

### ਖਰਾਬ ਸਿਹਤ ਦੇ ਬਾਵਜੂਦ, ਮੁੱਖ ਮੰਤਰੀ ਹਸਪਤਾਲ 'ਚ ਇਲਾਜ ਅਧੀਨ ਹਨ ਪਰ ਉਨ੍ਹਾਂ ਦੀ ਚਿੰਤਾ ਬਰਕਰਾਰ : ਪਰਵਿੰਦਰ ਸਿੰਘ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ





ਕੋਟਕਪੂਰਾ, 10 ਸਤੰਬਰ : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਜੇ ਵੀ ਹਾਲਤ ਸੁਧਰਨ ਦੇ ਬਾਵਜੂਦ ਪੰਜਾਬ ਪ੍ਰਤੀ ਚਿੰਤਤ ਹਨ। ਕੈਬਨਿਟ ਮੀਟਿੰਗ ਵਿੱਚ ਕੈਬਨਿਟ ਮੰਤਰੀਆਂ, ਵਿਧਾਇਕਾਂ ਅਤੇ ਪਾਰਟੀ ਵਲੰਟੀਅਰਾਂ ਨੇ ਕਿਸਾਨਾਂ ਦੇ ਹੱਕ ਵਿੱਚ ਬਹੁਤ ਹੀ ਸ਼ਲਾਘਾਯੋਗ ਫੈਸਲਾ ਲਿਆ। ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ 'ਜਿਸ ਦਾ ਖੇਤ ਉਹਦੀ ਰੇਤ ਸਕੀਮ ਤਹਿਤ ਕਿਸਾਨ ਨੂੰ ਰੇਤ ਚੁੱਕਣ ਦੀ ਦੇਵਾਂਗੇ ਆਗਿਆ' ਦੇਣ ਦੇ ਦਿੱਤੇ ਫੈਸਲੇ ਦਾ ਸਵਾਗਤ ਕਰਦੇ ਹਨ। ਸੋਸ਼ਲ ਮੀਡੀਆ ਦੇ ਜ਼ਿਲ੍ਹਾ ਪ੍ਰਧਾਨ ਪਰਵਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਕੈਬਨਿਟ ਮੀਟਿੰਗ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਵਾਸੀਆਂ ਲਈ ਲਏ ਗਏ ਫੈਸਲਿਆਂ ਲਈ ਉਹ ਮੁੱਖ ਮੰਤਰੀ ਦਾ ਦਿਲੋਂ ਧੰਨਵਾਦ ਕਰਦੇ ਹਨ, ਕਿਉਂਕਿ ਉਨ੍ਹਾਂ ਦੀ ਖਰਾਬ ਸਿਹਤ ਦੇ ਬਾਵਜੂਦ, ਮੁੱਖ ਮੰਤਰੀ ਹਸਪਤਾਲ ਵਿੱਚ ਇਲਾਜ ਅਧੀਨ ਹਨ ਅਤੇ ਪੰਜਾਬ ਲਈ ਉਨ੍ਹਾਂ ਦੀ ਚਿੰਤਾ ਬਰਕਰਾਰ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਕਿਸਾਨਾਂ ਦੇ ਖੇਤਾਂ ਵਿੱਚ ਹੜ੍ਹਾਂ ਕਾਰਨ ਰੇਤ ਆਈ ਹੈ, ਉਹ ਇਸਨੂੰ ਵੇਚ ਸਕਦੇ ਹਨ, ਉਹ ਆਪਣੇ ਘਰਾਂ ਦੀ ਮੁਰੰਮਤ ਲਈ ਰੇਤ ਦੀ ਵਰਤੋਂ ਕਰ ਸਕਦੇ ਹਨ, ਇਹ ਬਹੁਤ ਹੀ ਸ਼ਲਾਘਾਯੋਗ ਫੈਸਲਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ 15,000 ਰੁਪਏ ਦੇ ਮੁਆਵਜ਼ੇ ਦੀ ਮੰਗ ਮਿਲ ਰਹੀ ਸੀ, ਜਿਸ 'ਤੇ ਮੁੱਖ ਮੰਤਰੀ ਭਗਵੰਤ ਸਿੰਘ ਨੇ 20 ਹਜਾਰ ਪ੍ਰਤੀ ਏਕੜ ਮੁਆਵਜਾ ਦੇਣ ਦਾ ਫੈਸਲਾ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਹੜ੍ਹਾਂ ਕਾਰਨ ਨੁਕਸਾਨੇ ਗਏ ਸਾਰੇ ਘਰਾਂ ਨੂੰ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ। ਉਨਾਂ ਕਿਹਾ ਕਿ ਹੜਾਂ ਅਤੇ ਮੀਂਹ ਕਾਰਨ ਮਰਨ ਵਾਲਿਆਂ ਦੇ ਪਰਿਵਾਰਕ ਮੈਂਬਰਾਂ ਨੂੰ 4 ਲੱਖ ਰੁਪਏ ਦੀ ਰਾਸ਼ੀ ਦਿੱਤੀ ਜਾਵੇਗੀ।

## ਅਰਸ਼ ਸੱਚਰ ਨੇ ਮੁੱਖ ਮੰਤਰੀ ਨੂੰ ਲਿਖੀ ਚਿੱਠੀ, ਫ਼ਿਰੋਜ਼ਪੁਰ ਦੇ ਦੋ ਪਿੰਡਾਂ ਨੂੰ ਗੋਦ ਲੈਣ ਦੀ ਕੀਤੀ ਮੰਗ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



Subject: Request to Adopt and Extend Support to Flood-Affected Villages of Ferozpur

2 messages

Aarsh Sachar <aarshsachar@gmail.com> Wed, 10 Sept 2025 at 9:14 am
To: Chief Minister Office Punjab <cmo@punjab.gov.in>

To
The Hon'ble Chief Minister, Punjab
Chandigarh

Subject: Request to Adopt and Extend Support to Flood-Affected Villages of Ferozpur

Respected Sir,

I, Aarsh Sachar, Social Worker and Senior Leader of Aam Aadmi Party, Faridkot, humbly submit this request with deep concern for the suffering of our people in flood-affected areas of Ferozpur.

Sir, I can truly feel the pain of our brothers and sisters who are struggling in these testing times. With your dynamic leadership and the compassionate vision of the Punjab Government, I am confident that we can overcome this crisis together. It is our shared duty to stand by those who are affected and ensure they receive maximum relief and support.

Through my personal efforts and with the help of my team, I have been continuously visiting flood-hit villages of Ferozpur and providing essential relief material such as animal feed, tarpals, food items, mosquito nets, bleaching powder, carbolic acid, drinking water, and other necessary supplies. However, seeing the scale of devastation, I feel a stronger responsibility to do more.

Therefore, I humbly request your kind permission and guidance to formally adopt one or two villages of Ferozpur district on behalf of my team. This will allow us to focus on comprehensive rehabilitation efforts and ensure sustained assistance to the affected families. With your blessings and under your leadership, I assure you that we will dedicate ourselves wholeheartedly to this noble cause until normalcy is restored.

Sir, we all pray for Punjab's peace, prosperity, and happiness. With your continued guidance, I am confident that our beloved state will emerge stronger from this calamity.

I look forward to your kind approval and direction.

With highest regards,

Yours sincerely,
(Aarsh Sachar)
Social Worker & Senior Leader
Aam Aadmi Party, Faridkot
9988000023 | 7780007878

Bhagwant Mann CM Punjab <cmo@punjab.gov.in> Wed, 10 Sept 2025 at 10:44 am
To: Deepshikha Sharma <dc.frz@punjab.gov.in>
Cc: aarshsachar@gmail.com

From: aarshsachar@gmail.com
To: 'Bhagwant Mann CM Punjab' <cmo@punjab.gov.in>
Sent: Wednesday, September 10, 2025 9:14:32 AM
Subject: Subject: Request to Adopt and Extend Support to Flood-Affected Villages of Ferozpur
[Quoted text hidden]

ਕੋਟਕਪੂਰਾ, 10 ਸਤੰਬਰ : ਉਘੇ ਸਮਾਜਸੇਵੀ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਰਸ਼ ਸੱਚਰ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਜੀ ਨੂੰ ਪੱਤਰ ਲਿਖ ਕੇ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਲਈ ਖਾਸ ਪਹਲ ਕਰਨ ਦੀ ਬੇਨਤੀ ਕੀਤੀ ਹੈ। ਅਰਸ਼ ਸੱਚਰ ਨੇ ਆਪਣੀ ਚਿੱਠੀ ਵਿੱਚ ਲਿਖਿਆ ਕਿ ਉਹ ਲਗਾਤਾਰ ਆਪਣੀ ਟੀਮ ਸਮੇਤ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰ ਰਹੇ ਹਨ ਅਤੇ ਲੋਕਾਂ ਨੂੰ ਪਸ਼ੂਆਂ ਲਈ ਚਾਰਾ, ਤਰਪਾਲ, ਖਾਣ-ਪੀਣ ਦੀਆਂ ਚੀਜ਼ਾਂ, ਮੱਛਰਦਾਨੀਆਂ, ਬਲੀਚਿੰਗ ਪਾਊਡਰ, ਕਾਰਬੋਲਿਕ ਐਸਿਡ ਅਤੇ ਸਾਫ਼ ਪੀਣ ਵਾਲਾ ਪਾਣੀ ਆਦਿ ਜ਼ਰੂਰੀ ਸਮੱਗਰੀ ਮੁਹੱਈਆ ਕਰਵਾ ਰਹੇ ਹਨ ਪਰ ਹਾਲਾਤਾਂ ਦੀ ਗੰਭੀਰਤਾ ਨੂੰ ਵੇਖਦਿਆਂ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਹੁਣ ਸਿਰਫ਼ ਤੁਰਤ ਸਹਾਇਤਾ ਨਹੀਂ, ਸਗੋਂ ਲੰਬੇ ਸਮੇਂ ਦੇ ਪੁਨਰਵਾਸ ਅਤੇ ਵਿਕਾਸ ਕਾਰਜ ਦੀ ਵੀ ਬਹੁਤ ਜ਼ਰੂਰਤ ਹੈ। ਇਸ ਲਈ ਉਨ੍ਹਾਂ ਨੇ ਮੁੱਖ ਮੰਤਰੀ ਜੀ ਤੋਂ ਬੇਨਤੀ ਕੀਤੀ ਹੈ ਕਿ ਉਨ੍ਹਾਂ ਨੂੰ ਇੱਕ ਜਾਂ ਦੋ ਪਿੰਡ ਅਧਿਕਾਰਤ ਤੌਰ 'ਤੇ ਗੋਦ ਲੈਣ ਦੀ ਮਨਜ਼ੂਰੀ ਦਿੱਤੀ ਜਾਵੇ, ਤਾਂ ਜੋ ਉਹ ਆਪਣੀ ਟੀਮ ਦੇ ਨਾਲ ਮਿਲ ਕੇ ਉਨ੍ਹਾਂ ਪਿੰਡਾਂ ਦੀ ਪੁਨਰਵਾਸ ਤੇ ਸਫਾਈ , ਸਿਹਤ ਸੇਵਾਵਾਂ ਦੀ ਸੁਧਾਰ, ਆਰਥਿਕ ਮੁੜ-ਵਸਤੀ, ਸਮਾਜਿਕ ਢਾਂਚੇ ਦੀ ਮਜ਼ਬੂਤੀ ਵਿੱਚ ਵੱਡੇ ਪੱਧਰ 'ਤੇ ਯੋਗਦਾਨ ਪਾ ਸਕਣ। ਅਰਸ਼ ਸੱਚਰ ਨੇ ਕਿਹਾ ਕਿ ਮੁੱਖ ਮੰਤਰੀ ਜੀ ਦੇ ਦੂਰਦਰਸ਼ੀ ਨਿਗਾ ਅਤੇ ਪੰਜਾਬ ਸਰਕਾਰ ਦੀ ਦਇਆਵਾਨ ਸੋਚ ਹੇਠ ਉਹ ਯਕੀਨ ਰੱਖਦੇ ਹਨ ਕਿ ਇਹ ਸੰਕਟ ਵੀ ਜਲਦੀ ਪਾਰ ਕੀਤਾ ਜਾਵੇਗਾ ਅਤੇ ਹੜ੍ਹ ਪ੍ਰਭਾਵਿਤ ਪਰਿਵਾਰ ਮੁੜ ਖੁਸ਼ਹਾਲ ਜੀਵਨ ਵੱਲ ਵਾਪਸ ਆ ਸਕਣਗੇ। ਅੰਤ ਵਿੱਚ ਉਨ੍ਹਾਂ ਨੇ ਅਰਦਾਸ ਕੀਤੀ ਕਿ ਪੂਰਾ ਪੰਜਾਬ ਜਲਦੀ ਇਸ ਮੁਸੀਬਤ ਤੋਂ ਬਾਹਰ ਨਿਕਲੇ ਅਤੇ ਰਾਜ ਵਿੱਚ ਅਮਨ, ਚੜ੍ਹਦੀਕਲਾ ਅਤੇ ਖੁਸ਼ਹਾਲੀ ਬਣੀ ਰਹੇ।

## ਕੇਂਦਰ ਸਰਕਾਰ ਵੱਲੋਂ ਜੀ.ਐਸ.ਟੀ. ਸਲੈਬ ਦਰਾਂ ਵਿੱਚ ਕਟੌਤੀ ਦਾ ਸਵਾਗਤ :- ਕਾਮਰੇਡ ਸ਼ਾਮ ਸੁੰਦਰ ਕਾਠਪਾਲ

ਵਰਲਡ ਪੰਜਾਬੀ ਟਾਈਮਜ਼




ਫ਼ਰੀਦਕੋਟ 10 ਸਤੰਬਰ : ਕੇਂਦਰ ਸਰਕਾਰ ਵੱਲੋਂ ਜੀ.ਐਸ.ਟੀ. ਸਲੈਬ ਦਰਾਂ ਵਿੱਚ ਕੀਤੀ ਗਈ ਕਟੌਤੀ ਦਾ ਵਪਾਰੀਆਂ ਵੱਲੋਂ ਤਹਿ ਦਿਲੋਂ ਸਵਾਗਤ ਕੀਤਾ ਜਾ ਰਿਹਾ ਹੈ। ਵਪਾਰ ਮੰਡਲ ਲੰਮੇ ਸਮੇਂ ਤੋਂ ਮੰਗ ਕਰ ਰਿਹਾ ਸੀ ਕਿ ਜੀ.ਐਸ.ਟੀ. ਦਰਾਂ ਵਿੱਚ ਰਾਹਤ ਦਿੱਤੀ ਜਾਵੇ ਤਾਂ ਜੋ ਵਪਾਰ ਕਰਨਾ ਆਸਾਨ ਹੋ ਸਕੇ ਅਤੇ ਖਪਤਕਾਰਾਂ ਨੂੰ ਵੀ ਲਾਭ ਮਿਲ ਸਕੇ।

ਕਾਮਰੇਡ ਸ਼ਾਮ ਸੁੰਦਰ ਕਾਠਪਾਲ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਵਾਰ-ਵਾਰ ਸਲੈਬ ਵਿੱਚ ਸੋਧ ਕਰਕੇ ਵਪਾਰੀਆਂ ਨੂੰ ਹੁੰਸਲਾ ਦਿੱਤਾ ਜਾ ਰਿਹਾ ਹੈ। ਪਹਿਲਾਂ ਕਾਪੀ ਅਤੇ ਪੈਨਸਿਲ 'ਤੇ 18 ਪ੍ਰਤੀਸ਼ਤ ਜੀ.ਐਸ.ਟੀ. ਸੀ, ਜਿਸਨੂੰ ਘਟਾ ਕੇ 5 ਪ੍ਰਤੀਸ਼ਤ ਕੀਤਾ ਗਿਆ। ਇਹ ਕਦਮ ਕਾਬਲੇ-ਤਾਰੀਫ਼ ਸੀ। ਹੁਣ ਤਾਂ ਸਰਕਾਰ ਵੱਲੋਂ ਸਿੱਖਿਆ ਖੇਤਰ 'ਤੇ ਟੈਕਸ ਮੁਆਫ਼ ਕੀਤਾ ਗਿਆ ਹੈ, ਜੋ ਬਹੁਤ ਹੀ ਸਲਾਹੁਣਯੋਗ ਫੈਸਲਾ ਹੈ।

ਉਹਨਾਂ ਨੇ ਅੱਗੇ ਕਿਹਾ ਕਿ ਦਵਾਈਆਂ 'ਤੇ ਲਗਣ ਵਾਲੀਆਂ ਦਰਾਂ ਅਤੇ ਕੰਪਨੀਆਂ ਵੱਲੋਂ ਰੇਟ ਵਧਾ ਕੇ ਲਿਖਣ ਦੇ ਰੁਝਾਨ 'ਤੇ ਸਰਕਾਰ ਨੂੰ ਖਾਸ ਧਿਆਨ ਦੇਣ ਦੀ ਲੋੜ ਹੈ, ਤਾਂ ਜੋ ਆਮ ਲੋਕਾਂ ਨੂੰ ਭਾਰੀ ਮੁਸ਼ਕਲਾਂ ਤੋਂ ਰਾਹਤ ਮਿਲ ਸਕੇ।

ਕਾਠਪਾਲ ਨੇ ਕਿਹਾ ਕਿ ਟੈਕਸ ਦਰਾਂ ਵਿੱਚ ਕੀਤੀ ਕਟੌਤੀ ਦੀ ਜਿੰਨੀ ਵੀ ਤਾਰੀਫ਼ ਕੀਤੀ ਜਾਵੇ, ਉਹ ਘੱਟ ਹੈ। ਸਮੂਹ ਵਪਾਰੀ ਵਰਗ ਰਾਹਤ ਮਹਿਸੂਸ ਕਰ ਰਿਹਾ ਹੈ।

## ਵਿਕਾਸ ਮਿਸ਼ਨ ਵੱਲੋਂ ਨਵ ਨਿਯੁਕਤ ਮੈਨੇਜਰ ਨਿਰਮਲਜੀਤ ਸਿੰਘ ਨਾਲ ਮੁਲਾਕਾਤ : ਢੋਸੀਵਾਲ

ਵਰਲਡ ਪੰਜਾਬੀ ਟਾਈਮਜ਼

ਸ੍ਰੀ ਮੁਕਤਸਰ ਸਾਹਿਬ 10 ਸਤੰਬਰ : ਕੁਝ ਦਿਨ ਪਹਿਲਾਂ ਸ੍ਰ. ਨਿਰਮਲਜੀਤ ਸਿੰਘ ਨੇ ਸਥਾਨਕ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਵਿਖੇ ਮੈਨੇਜਰ ਵਜੋਂ ਅਹੁਦਾ ਸੰਭਾਲਿਆ ਹੈ। ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਪਿਤ ਪ੍ਰਮੁੱਖ ਵਰਕਿੰਗ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਉੱਚ ਪੱਧਰੀ ਵਫ਼ਦ ਨੇ ਅੱਜ ਸ੍ਰ. ਨਿਰਮਲਜੀਤ ਸਿੰਘ ਨਾਲ ਉਨ੍ਹਾਂ ਦੇ ਦਫਤਰ ਵਿਖੇ ਮੁਲਾਕਾਤ ਕੀਤੀ। ਮਿਸ਼ਨ ਮੁਖੀ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਹੇਠਲੇ ਇਸ ਵਫ਼ਦ ਵਿੱਚ ਸੰਸਥਾ ਦੇ ਚੇਅਰਮੈਨ ਨਿਰੰਜਣ ਸਿੰਘ ਰੱਖਰਾ, ਸਹਾਇਕ ਜਨਰਲ ਸਕੱਤਰ ਗੁਰਪਾਲ ਸਿੰਘ ਪਾਲੀ, ਸਲਾਹਕਾਰ ਕੇ.ਐੱਲ. ਮਹਿੰਦਰਾ ਅਤੇ ਮਿਸ਼ਨ ਫੋਟੋ ਗ੍ਰਾਫਰ ਨਰਿੰਦਰ ਕਾਕਾ ਮੌਜੂਦ ਸਨ। ਮੁਲਾਕਾਤ ਦੌਰਾਨ ਵਫ਼ਦ ਨੇ ਸ੍ਰ. ਨਿਰਮਲਜੀਤ ਸਿੰਘ ਨੂੰ ਅਹੁਦਾ ਸੰਭਾਲਣ 'ਤੇ ਵਧਾਈ ਦਿੱਤੇ ਅਤੇ ਗੁਲਦਸਤਾ ਭੇਂਟ ਕਰਕੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਮੌਕੇ ਢੋਸੀਵਾਲ ਨੇ ਮੈਨੇਜਰ ਸਾਹਿਬ ਨੂੰ ਵਿਕਾਸ ਮਿਸ਼ਨ ਵੱਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੇ ਕਾਰਜਾਂ ਦੀ ਜਾਣਕਾਰੀ ਦਿੱਤੀ ਜਿਸ ਨੂੰ ਸੁਣ ਕੇ ਉਹ ਕਾਫੀ ਪ੍ਰਭਾਵਤ ਹੋਏ ਅਤੇ ਮਿਸ਼ਨ ਨੂੰ ਵਧਾਈ ਦਿੱਤੀ। ਉਕਤ ਜਾਣਕਾਰੀ ਦਿੰਦੇ ਹੋਏ ਢੋਸੀਵਾਲ ਨੇ ਅੱਗੇ ਦੱਸਿਆ ਹੈ ਕਿ ਮੁਲਾਕਾਤ ਦੌਰਾਨ ਮੈਨੇਜਰ ਸਾਹਿਬ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਥਾਨਕ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਵੱਲੋਂ ਹੜ ਪੀੜਤਾਂ ਲਈ ਹਰ ਰੋਜ਼ ਲੰਗਰ ਤੇ ਪਸ਼ੂਆਂ ਲਈ ਚਾਰਾ ਭੇਜਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਪਿੰਡਾਂ ਵਿੱਚ ਤਰਪਾਲਾਂ ਅਤੇ ਹੋਰ ਲੋੜੀਂਦਾ ਸਮਾਨ ਵੀ ਭੇਜਿਆ ਜਾ ਚੁੱਕਾ ਹੈ। ਉਨ੍ਹਾਂ ਅੱਗੇ ਇਹ ਪੀ ਜਾਣਕਾਰੀ ਦਿੱਤੀ ਹੈ ਕਿ ਸਥਾਨਕ ਪਿੰਡਾਂ ਵਿੱਚੋਂ ਪਾਣੀ ਦਾ ਪੱਧਰ ਘਟਣ ਪਿਛੋਂ ਗੁਰਦੁਆਰਾ



ਸ੍ਰੀ ਦਰਬਾਰ ਸਾਹਿਬ ਵੱਲੋਂ ਇਹਨਾਂ ਇਲਾਕਿਆਂ ਵਿੱਚ ਫੋਗਿੰਗ ਕੀਤੀ ਜਾਵੇਗੀ ਅਤੇ ਦਵਾਈਆਂ ਆਦਿ ਸਪਲਈ ਕੀਤੀਆਂ ਜਾਣਗੀਆਂ। ਪ੍ਰਧਾਨ ਢੋਸੀਵਾਲ ਨੇ ਇਹ ਵੀ ਜਾਣਕਾਰੀ ਦਿੱਤੀ ਹੈ ਕਿ ਮਿਸ਼ਨ ਵੱਲੋਂ ਇਲਾਕੇ ਦੀ ਸੁੱਖ ਸ਼ਾਂਤੀ ਅਤੇ ਸਰਬੱਤ ਦੇ ਭਲੇ ਲਈ ਗੁਰਦੁਆਰਾ ਸ੍ਰੀ ਸ਼ਹੀਦ ਗੰਜ ਸਾਹਿਬ ਵਿਖੇ ਅਰਦਾਸ ਵੀ ਕਰਵਾਈ ਗਈ।

## ਸਿਮਰਜੀਤ ਸਿੰਘ ਸੇਖੋਂ ਨੇ ਸ਼ੂਟਿੰਗ ਮੁਕਾਬਲੇ ਵਿੱਚ ਜਿੱਤਿਆ ਗੋਲਡ ਮੈਡਲ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ




ਕੋਟਕਪੂਰਾ, 10 ਸਤੰਬਰ : ਸ. ਸਿਮਰਜੀਤ ਸਿੰਘ ਸੇਖੋਂ, ਪ੍ਰਧਾਨ, ਟਿੱਲਾ ਬਾਬਾ ਫ਼ਰੀਦ ਰੀਲੀਜੀਅਸ ਅਤੇ ਚੈਰੀਟੇਬਲ ਸੁਸਾਇਟੀ, ਗੁਰਦੁਆਰਾ ਗੋਦੜੀ ਸਾਹਿਬ ਬਾਬਾ ਫ਼ਰੀਦ ਸੁਸਾਇਟੀ ਅਤੇ ਡਿਸਟਿਕ ਰਾਈਫਲ ਸ਼ੂਟਿੰਗ ਐਸੋਸੀਏਸ਼ਨ ਨੇ ਨਿਊ ਮੋਤੀ ਬਾਗ ਗਨ ਕਲੱਬ, ਪਟਿਆਲਾ ਵਿਖੇ ਕਰਵਾਏ ਗਏ ਸ਼ੂਟਿੰਗ ਮੁਕਾਬਲੇ ਵਿੱਚ ਹਿੱਸਾ ਲਿਆ। ਇਹ ਮੁਕਾਬਲਾ ਪੰਜਾਬ ਰਾਈਫ਼ਲ ਸ਼ੂਟਿੰਗ ਐਸੀਸੋਏਸ਼ਨ ਵੱਲੋਂ ਕਰਵਾਇਆ ਗਿਆ। ਉਹਨਾਂ ਨੇ ਆਪਣੀ ਕੈਟੀਗਿਰੀ ਵਿੱਚੋਂ ਗੋਲਡ ਮੈਡਲ ਹਾਸਿਲ ਕਰਕੇ ਫ਼ਰੀਦਕੋਟ ਜਿਲ੍ਹੇ ਦਾ ਨਾਂਅ ਰੋਸ਼ਨ ਕੀਤਾ। ਉਹਨਾਂ ਦੀ ਇਸ ਜਿੱਤ 'ਤੇ ਬਾਬਾ ਫ਼ਰੀਦ ਸੰਸਥਾਵਾਂ ਦੇ ਸਾਰੇ ਮੈਬਰਾਂ ਵੱਲੋਂ ਉਹਨਾਂ ਨੂੰ ਤਹਿ ਦਿਲੋਂ ਵਧਾਈ ਦਿੱਤੀ ਗਈ।

## ਐਲ.ਬੀ.ਸੀ.ਟੀ. ਵੱਲੋਂ ਵਾਇਸ ਚਾਂਸਲਰ ਡਾ. ਸੂਦ ਨਾਲ ਮੁਲਾਕਾਤ ਕੀਤੀ ਗਈ : ਢੋਸੀਵਾਲ

ਵਰਲਡ ਪੰਜਾਬੀ ਟਾਈਮਜ਼

ਫ਼ਰੀਦਕੋਟ 10 ਸਤੰਬਰ : ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਐਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਦੀ ਫਰੀਦਕੋਟ ਇਕਾਈ ਵੱਲੋਂ ਅੱਜ ਬਾਬਾ ਫਰੀਦ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਡਾ. ਪ੍ਰੋ. ਰਾਜੀਵ ਸੂਦ ਨਾਲ ਉਨ੍ਹਾਂ ਦੇ ਦਫ਼ਤਰ ਵਿਖੇ ਮੁਲਾਕਾਤ ਕੀਤੀ ਗਈ। ਟਰੱਸਟ ਦੇ ਜਿਲ੍ਹਾ ਪ੍ਰਧਾਨ ਜਗਦੀਸ਼ ਰਾਜ ਭਾਰਤੀ ਬੈਂਕ ਮੈਨੇਜਰ (ਰ) ਦੀ ਅਗਵਾਈ ਹੇਠਲੇ ਇਸ ਵਫ਼ਦ ਵਿੱਚ ਟਰੱਸਟ ਦੇ ਸੰਸਥਾਪਕ ਚੇਅਰਮੈਨ ਜਗਦੀਸ਼ ਰਾਏ ਢੋਸੀਵਾਲ ਮੁਕਤਸਰ ਵਿਸ਼ੇਸ਼ ਤੌਰ 'ਤੇ ਸ਼ਾਮਿਲ




ਹੋਏ। ਮੁਲਾਕਾਤ ਦੌਰਾਨ ਵਾਇਸ ਚਾਂਸਲਰ ਅਤੇ ਅੰਤਰਰਾਸ਼ਟਰੀ ਪੱਧਰ ਦੇ ਯੂਰੋਲੋਜਿਸਟ ਡਾ. ਰਾਜੀਵ ਸੂਦ ਅਤੇ ਲੋਕ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਸਦਾ ਯਤਨਸ਼ੀਲ ਹਲਕਾ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਐੱਮ.ਐੱਲ.ਏ. ਦੇ ਸਾਂਝੇ ਯਤਨਾ ਨਾਲ ਯੂਨੀਵਰਸਿਟੀ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪਛਾਣ ਦਿਵਾਉਣ ਅਤੇ ਲਾ-ਜਵਾਬ ਪ੍ਰਬੰਧਕੀ ਕਾਰਜਕੁਸ਼ਲਤਾ ਲਈ ਡਾ. ਸੂਦ ਨੂੰ ਵਧਾਈ ਦਿੱਤੀ। ਜਿਕਰਯੋਗ ਹੈ ਕਿ ਡਾ. ਸੂਦ ਅਤੇ ਯੂਨੀਵਰਸਿਟੀ ਦੇ ਗਵਰਨਿੰਗ ਬਾਡੀ ਦੇ ਸਰਕਾਰੀ ਮੈਂਬਰ ਹੋਣ ਦੇ ਨਾਤੇ ਗੁਰਦਿੱਤ ਸਿੰਘ ਸੇਖੋਂ ਦੇ ਸਾਂਝੇ ਯਤਨਾਂ ਨਾਲ ਯੂਨੀਵਰਸਿਟੀ ਨੇ ਅੰਤਰਰਾਸ਼ਟਰੀ ਪੱਧਰ 'ਤੇ ਪਛਾਣ ਬਣਾ ਕੇ ਗਰੀਨ ਯੂਨੀਵਰਸਿਟੀ ਹੋਣ ਦਾ ਸਨਮਾਨ ਪ੍ਰਾਪਤ ਕੀਤਾ ਹੈ। ਐਨਾ ਹੀ ਨਹੀਂ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਿਜ ਅਤੇ ਹਸਪਤਾਲ ਵਿੱਚ ਕਰੋੜਾਂ ਰੁਪਏ ਦੀਆਂ ਆਧੁਨਿਕ ਜੀਵਨ ਰਕਸ਼ਕ ਮਸ਼ੀਨਾਂ ਖਰੀਦੀਆਂ ਗਈਆਂ ਹਨ। ਕਾਲਿਜ ਵਿੱਚ ਐਮ.ਬੀ.ਬੀ.ਐੱਸ. ਦੀਆਂ 75 ਸੀਟਾਂ ਵਧਾਈਆਂ ਗਈਆਂ ਹਨ। ਕਾਲਿਜ ਵਿੱਚ ਬੀ.ਡੀ.ਐੱਸ. ਕਾਲਿਜ ਦੀ ਜਲਦੀ ਸਥਾਪਨਾ ਹੋਣ ਦੀ ਸੰਭਾਵਨਾ ਹੈ। ਅਗਨੀਵੀਰਾਂ ਲਈ ਯੂਨੀਵਰਸਿਟੀ ਅੰਦਰ ਪੰਜਾਬ ਦਾ ਪਹਿਲਾ ਸਕਿੱਲ ਟ੍ਰੇਨਿੰਗ ਸੈਂਟਰ ਖੋਲ੍ਹਿਆ ਗਿਆ ਹੈ। ਯੂਨੀਵਰਸਿਟੀ ਵੱਲੋਂ ਅਜਿਹੇ ਸੈਂਟਰ ਪੰਜਾਬ ਦੇ ਹੋਰ ਸ਼ਹਿਰਾਂ ਵਿੱਚ ਵੀ ਖੋਲ੍ਹੇ ਜਾਣਗੇ। ਮੁਲਾਕਾਤ ਦੌਰਾਨ ਪ੍ਰਧਾਨ ਢੋਸੀਵਾਲ ਨੇ ਕਿਹਾ ਕਿ ਸਮਾਜ ਸੇਵਕ ਹੋਣ ਦੇ ਨਾਤੇ ਉਹਨਾਂ ਦਾ ਕਈ ਸਰਕਾਰੀ ਅਦਾਰਿਆਂ ਅਤੇ ਸੰਸਥਾਵਾਂ ਨਾਲ ਰਾਬਤਾ ਰਹਿੰਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਗੱਲ ਸਪਸ਼ਟ ਹੈ ਕਿ ਯੂਨੀਵਰਸਿਟੀ ਅੰਦਰ ਸਾਰੀਆਂ ਨਿਯੁਕਤੀਆਂ ਅਤੇ ਪ੍ਰਮੋਸ਼ਨਾਂ ਸਰਕਾਰੀ ਨਿਯਮਾਂ ਅਤੇ ਰਨਿੰਗ ਰੋਸਟਰ ਸਿਸਟਮ ਅਨੁਸਾਰ ਕੀਤੀਆਂ ਜਾਂਦੀਆਂ ਹਨ। ਹਰ ਵਰਗ ਦੇ ਕਰਮਚਾਰੀ ਨੂੰ ਉਸਦਾ ਬਣਦਾ ਹੱਕ ਦਿੱਤਾ ਜਾਂਦਾ ਹੈ। ਜਿਸ ਲਈ ਡਾ. ਸੂਦ ਅਤੇ ਸ੍ਰ. ਸੇਖੋਂ ਵਧਾਈ ਦੇ ਪਾਤਰ ਹਨ। ਢੋਸੀਵਾਲ ਨੇ ਅੱਗੇ ਕਿਹਾ ਕਿ ਇੰਜ ਜਾਪਦਾ ਹੈ ਕਿ ਵਾਇਸ ਚਾਂਸਲਰ ਡਾ. ਸੂਦ "ਜੋ ਵੀ ਕਰਮਚਾਰੀ ਆਵੇ, ਆਪਣਾ ਬਣਦਾ ਹੱਕ ਲੈ ਕੇ ਜਾਵੇ" ਦੀ ਨੀਤੀ 'ਤੇ ਚੱਲਦੇ ਹਨ। ਮੁਲਾਕਾਤ ਦੌਰਾਨ ਡਾ. ਸੂਦ ਨੇ ਕਿਹਾ ਕਿ ਉਹ ਆਪਣੀ ਡਿਊਟੀ ਪੂਰੀ ਲਗਨ, ਇਮਾਨਦਾਰੀ ਅਤੇ ਸਰਕਾਰੀ ਨਿਯਮਾਂ ਅਨੁਸਾਰ ਕਰਦੇ ਹਨ ਅਤੇ ਭਵਿੱਖ ਵਿੱਚ ਵੀ ਅਜਿਹਾ ਕਰਦੇ ਰਹਿਣਗੇ। ਢੋਸੀਵਾਲ ਨੇ ਦੱਸਿਆ ਹੈ ਕਿ ਵਫ਼ਦ ਵਿੱਚ ਟਰੱਸਟ ਦੀ ਜਿਲ੍ਹਾ ਚੀਫ਼ ਪੈਟਰਨ ਮੈਡਮ ਹੀਰਾਵਤੀ ਨਾਇਬ ਤਹਿਸੀਲਦਾਰ (ਰ), ਮੈਡਮ ਰਵਿੰਦਰ ਕੌਰ ਨਰਸਿੰਗ ਸੁਪਰਵਾਇਜ਼ਰ (ਰ), ਮਲਕੀਤ ਸਿੰਘ ਮੰਮਣ ਲੈਕਚਰਾਰ (ਰ), ਜੀ.ਪੀ. ਛਾਬੜਾ ਸੀਨੀਅਰ ਬੈਂਕ ਮੈਨੇਜਰ (ਰ), ਸ੍ਰੀ ਕ੍ਰਿਸ਼ਨ ਆਰ.ਏ. (ਰ), ਪ੍ਰਸਿੱਧ ਲਿਖਾਰੀ ਅਤੇ ਸਮਾਜ ਸੇਵਕ ਸ਼ਿਵਨਾਥ ਦਰਦੀ,ਵੀਰ ਸਿੰਘ ਕੰਮੇਆਣਾ ਅਤੇ ਬਲਕਾਰ ਸਿੰਘ ਸਹੋਤਾ ਆਦਿ ਸ਼ਾਮਿਲ ਸਨ। ਡਾ. ਸੂਦ ਦੀ ਵਧੀਆ ਪ੍ਰਬੰਧਕੀ ਕਾਰਜਸ਼ੈਲੀ ਲਈ ਟਰੱਸਟ ਵੱਲੋਂ ਮੈਡਮ ਹੀਰਾਵਤੀ ਅਤੇ ਮੈਡਮ ਰਵਿੰਦਰ ਕੌਰ ਰਾਹੀਂ ਵਿਸ਼ੇਸ਼ ਸਨਮਾਨ ਚਿੰਨ੍ਹ ਵੀ ਭੇਂਟ ਕੀਤਾ ਗਿਆ। ਢੋਸੀਵਾਲ ਨੇ ਅੱਗੇ ਇਹ ਵੀ ਦੱਸਿਆ ਹੈ ਕਿ ਯੂਨੀਵਰਸਿਟੀ ਦੀ ਤਰੱਕੀ ਵਿੱਚ ਅਹਿਮ ਯੋਗਦਾਨ ਪਾਉਣ ਵਾਲੇ ਐੱਮ.ਐੱਲ.ਏ. ਸ੍ਰ. ਸੇਖੋਂ ਨਾਲ ਵੀ ਟਰੱਸਟ ਵੱਲੋਂ ਮੁਲਾਕਾਤ ਕਰਕੇ ਉਨ੍ਹਾਂ ਨੂੰ ਵਧਾਈ ਦਿੱਤੀ ਜਾਵੇਗੀ।

## ਨੈਸ਼ਨਲ ਯੂਥ ਵੈਲਫ਼ੇਅਰ ਕਲੱਬ ਨੇ ਅਧਿਆਪਕ ਰਾਜਨ ਨਾਗਪਾਲ ਅਤੇ ਨਵਦੀਪ ਰਿੱਕੀ ਨੂੰ ਉਨ੍ਹਾਂ ਦੇ ਸਕੂਲਾਂ 'ਚ ਪਹੁੰਚ ਕੇ ਸਨਮਾਨਿਆ

### ਸਰਕਾਰੀ ਹਾਈ ਸਮਾਰਟ ਸਕੂਲ ਨਵੀਂ ਪਿੱਪਲੀ ਅਤੇ ਸਰਕਾਰੀ ਮਿਡਲ ਸਕੂਲ ਹਰਦਿਆਲੇਆਣਾ ਪਹੁੰਚੀ ਕਲੱਬ ਦੀ ਟੀਮ

ਵਰਲਡ ਪੰਜਾਬੀ ਟਾਈਮਜ਼

ਫਰੀਦਕੋਟ, 10 ਸਤੰਬਰ : ਸੱਭਿਆਚਾਰਕ ਅਤੇ ਸਮਾਜ ਸੇਵਾ ਖੇਤਰ 'ਚ ਅਲੱਗ ਪਹਿਚਾਣ ਰੱਖਣ ਵਾਲੇ ਨੈਸ਼ਨਲ ਯੂਥ ਵੈਲਫ਼ੇਅਰ ਕਲੱਬ ਰਜਿ:ਫ਼ਰੀਦਕੋਟ ਸਬੰਧਤ ਯੁਵਕ ਸੇਵਾਵਾਂ ਵਿਭਾਗ ਫ਼ਰੀਦਕੋਟ ਵੱਲੋਂ ਅੱਜ ਨਿਵੇਕਲੇ ਢੰਗ ਨਾਲ ਅਧਿਆਪਕ ਦਿਵਸ ਮਨਾਇਆ ਗਿਆ। ਕਲੱਬ ਦੇ ਪ੍ਰਧਾਨ ਅੰਤਰ ਰਾਸ਼ਟਰੀ ਭੰਗੜਾ ਕੋਚ ਗੁਰਚਰਨ ਸਿੰਘ, ਪ੍ਰੋਗਰਾਮ ਕੋਆਰਡੀਨੇਟਰ ਗੁਰਮੇਲ ਸਿੰਘ ਜੱਸਲ, ਮੁੱਖ ਸਲਾਹਕਾਰ ਇੰਜ.ਬਲਤੇਜ ਸਿੰਘ ਤੇਜੀ ਜੌੜਾ, ਸਲਾਹਕਾਰ ਨਾਇਬ ਸਿੰਘ ਪੁਰਬਾ,ਸੀਨੀਅਰ ਮੈਂਬਰ ਅਮਰਜੀਤ ਸੇਖੋਂ ਫ਼ਿਲਮੀ ਅਦਾਕਾਰ ਅਧਾਰਿਤ ਟੀਮ ਸਰਕਾਰੀ ਮਿਡਲ ਸਕੂਲ ਹਰਦਿਆਲੇਆਣਾ ਵਿਖੇ ਪਹੁੰਚੀ। ਇਸ ਮੌਕੇ ਪ੍ਰਮਾਤਮਾ ਦੇ ਚਰਨਾਂ 'ਚ ਹੜ੍ਹ ਪੀੜਤਾਂ ਦੀ ਭਲਾਈ ਲਈ ਮਿਲ ਕੇ ਅਰਦਾਸ ਕੀਤੀ ਗਈ। ਇਸ ਮੌਕੇ ਸਕੂਲ ਦੇ ਮੁਖੀ, ਐਸ.ਐਸ.ਮਾਸਟਰ ਰਾਜਨ ਨਾਗਪਾਲ ਜੋ ਅਧਿਆਪਨ ਅਤੇ ਸਮਾਜ ਸੇਵਾ ਖੇਤਰ 'ਚ ਨਿਰੰਤਰ ਅਹਿਮ ਸੇਵਾਵਾਂ ਪ੍ਰਦਾਨ ਕਰ ਰਹੇ ਹਨ ਨੂੰ ਸਨਮਾਨ ਪੱਤਰ, ਲੋਈ ਅਤੇ ਤੋਹਫ਼ਾ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮਨਦੀਪ ਸਿੰਘ ਸਾਇੰਸ ਮਾਸਟਰ ਨੇ ਸਕੂਲ ਪਹੁੰਚੀ ਨੈਸ਼ਨਲ ਯੂਥ ਵੈਲਫ਼ੇਅਰ ਕਲੱਬ ਦੀ ਟੀਮ ਨੂੰ ਜੀ ਆਇਆਂ ਨੂੰ ਆਖਿਆ। ਸਕੂਲ ਮੁਖੀ ਰਾਜਨ ਨਾਗਪਾਲ ਨੇ ਸਭ ਦਾ ਧੰਨਵਾਦ ਕਰਦਿਆਂ ਵਿਸ਼ਵਾਸ਼ ਦੁਆਇਆ ਕਿ ਉਹ ਸਕੂਲ ਅਤੇ ਵਿਦਿਆਰਥੀਆਂ ਦੀ ਬੇਹਤਰੀ ਵਾਸਤੇ ਹੋਰ ਸੁਹਿਦਰਤਾ ਨਾਲ ਆਪਣੀ ਸੇਵਾਵਾਂ ਪ੍ਰਦਾਨ ਕਰਨਗੇ। ਇਸ ਮੌਕੇ ਸਕੂਲ ਦੇ ਸਟਾਫ਼ 'ਚ ਜਸਪ੍ਰੀਤ ਕੌਰ ਪੰਜਾਬ ਮਿਸਟ੍ਰੈਸ, ਸ਼੍ਰੀਮਤੀ ਵਿਜੇਤਾ ਹਿੰਦੀ ਮਿਸਟ੍ਰੈਸ ਹਾਜ਼ਰ ਸਨ।



ਦੂਜੇ ਪੜਾਅ 'ਚ ਨੈਸ਼ਨਲ ਯੂਥ ਵੈਲਫ਼ੇਅਰ ਕਲੱਬ ਫ਼ਰੀਦਕੋਟ ਦੀ ਟੀਮ ਸਰਕਾਰੀ ਹਾਈ ਸਮਾਰਟ ਸਕੂਲ ਨਵੀਂ ਪਿੱਪਲੀ ਵਿਖੇ ਪਹੁੰਚੀ। ਇੱਥੇ ਸਕੂਲ ਦੇ ਐਸ.ਐਸ.ਮਾਸਟਰ ਨਵਦੀਪ ਸਿੰਘ ਰਿੱਕੀ ਨੂੰ ਕਲੱਬ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਮੁੱਖ ਅਧਿਆਪਕਾ ਰਵਿੰਦਰ ਕੌਰ ਪੁਰੀ ਨੇ ਕਲੱਬ ਟੀਮ ਨੂੰ ਜੀ ਆਇਆਂ ਨੂੰ ਆਖਿਆ। ਇਸ ਮੌਕੇ ਸਕੂਲ ਸਟਾਫ਼ 'ਚੋਂ ਪਰਮਿੰਦਰ ਕੌਰ ਪੰਜਾਬੀ ਮਿਸਟ੍ਰੈਸ, ਪ੍ਰਿਤਪਾਲ ਕੌਰ ਸਾਇੰਸ ਮਿਸਟ੍ਰੈਸ, ਸ਼੍ਰੀਮਤੀ ਸੋਨੀਆ ਕੰਪਿਊਟਰ ਫ਼ੈਕਲਿਟੀ, ਵੀਰਪਾਲ ਕੌਰ ਹਿੰਦੀ, ਅੰਜੂ ਬਾਲਾ ਪੰਜਾਬੀ ਮਿਸਟ੍ਰੈਸ, ਜਸਮਿੰਦਰ ਕੌਰ ਪੀ.ਟੀ.ਆਈ ਅਤੇ ਭਲਵਿੰਦਰ ਕੌਰ ਜੂਨੀਅਰ ਸਹਾਇਕ ਹਾਜ਼ਰ ਸਨ।

ਇਨ੍ਹਾਂ ਮੌਕਿਆਂ ਤੇ ਕਲੱਬ ਦੇ ਪ੍ਰਧਾਨ ਗੁਰਚਰਨ ਸਿੰਘ ਨੇ ਵਿਦਿਆਰਥੀਆਂ ਨੂੰ ਅਧਿਆਪਕ ਦਿਵਸ ਦੀ ਮਹੱਤਤਾ ਦੱਸਦਿਆਂ ਕਿਹਾ ਆਉਂਦੇ ਦਿਨਾਂ 'ਚ ਹੋਰ ਵਧੀਆ ਕੰਮ ਕਰਨ ਵਾਲੇ ਅਧਿਆਪਕਾਂ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਮੁੱਖ ਸਲਾਹਕਾਰ ਇੰਜ.ਬਲਤੇਜ ਸਿੰਘ ਤੇਜੀ ਨੇ ਦੱਸਿਆ ਕਿ ਦੋਹਾਂ ਸਕੂਲਾਂ ਦੇ ਸਨਮਾਨਿਤ ਅਧਿਆਪਕਾਂ ਦੀ ਕਾਰਗੁਜ਼ਾਰੀ ਤੋਂ ਜਾਣੂ ਕਰਵਾਇਆ। ਕਲੱਬ ਦੇ ਪ੍ਰੋਗਰਾਮ ਕੋਅਰਾਰਡੀਨੇਟਰ ਗੁਰਮੇਲ ਸਿੰਘ ਜੱਸਲ ਨੇ ਵਿਦਿਆਰਥੀਆਂ ਨੂੰ ਸਖ਼ਤ ਮਿਹਨਤ ਕਰਨ, ਮਾਤਾ-ਪਿਤਾ ਅਤੇ ਅਧਿਆਪਕਾਂ ਦਾ ਸਨਮਾਨ ਕਰਨ ਵਾਸਤੇ ਪ੍ਰੇਰਿਤ ਕੀਤਾ। ਇਸ ਮੌਕੇ ਅਮਰਜੀਤ ਸਿੰਘ ਸੇਖੋਂ ਕਿਹਾ ਕਿ ਅੱਜ ਸਰਕਾਰੀ ਸਕੂਲਾਂ 'ਚ ਅੰਦਰ ਬਹੁਤ ਵਧੀਆ ਅਧਿਆਪਕ ਹਨ ਜੋ ਵਿਦਿਆਰਥੀਆਂ ਦੀ ਭਲਾਈ ਵਾਸਤੇ ਪੂਰੀ ਤਨਦੇਹੀ ਨਾਲ ਹਰ ਜ਼ਿੰਮੇਵਾਰੀ ਨਿਭਾਉਂਦੇ ਹਨ। ਸਲਾਹਕਾਰ ਨਾਇਬ ਸਿੰਘ ਪੁਰਬਾ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਤੇ ਟੀਚੇ ਮਿੱਥ ਕੇ ਮਿਹਨਤ ਵਾਸਤੇ ਪ੍ਰੇਰਿਤ ਕੀਤਾ। ਕਲੱਬ ਵੱਲੋਂ ਦੋਹਾਂ ਸਕੂਲਾਂ ਦੇ ਵਿਦਿਆਰਥੀਆਂ ਨੂੰ ਰਿਫ਼ੈਸ਼ਮੈਂਟ ਵੀ ਦਿੱਤੀ ਗਈ।

## ਵਿਦਿਆਰਥੀਆਂ ਲਈ ਅਧਿਆਪਕ ਦਾ ਦਰਜਾ ਮਾਤਾ-ਪਿਤਾ ਤੋਂ ਵੀ ਹੁੰਦਾ ਹੈ ਉੱਪਰ



ਵਰਲਡ ਪੰਜਾਬੀ ਟਾਈਮਜ਼
ਰਾਜਬੀਰ ਕੌਰ

ਮਾਤਾ-ਪਿਤਾ ਤੋਂ ਬਾਅਦ ਬੱਚਾ ਜੇ ਕਿਸੇ ਦੇ ਕਰੀਬ ਹੁੰਦਾ ਹੈ ਤਾਂ ਉਹ ਹੈ ਅਧਿਆਪਕ। ਅਧਿਆਪਕ ਵੱਲੋਂ ਕਹੀ ਹਰ ਗੱਲ ਬੱਚੇ ਅੰਦਰ ਘਰ ਕਰ ਜਾਂਦੀ ਹੈ। ਬੱਚਾ ਆਪਣਾ ਜ਼ਿਆਦਾ ਸਮਾਂ ਸਕੂਲ 'ਚ ਅਧਿਆਪਕਾਂ ਨਾਲ ਗੁਜ਼ਾਰਦਾ ਹੈ। ਸਕੂਲ 'ਚ ਉਹ ਬਹੁਤ ਸਾਰੀਆਂ ਨਵੀਂਆਂ ਗੱਲਾਂ ਦੇ ਨਾਲ-ਨਾਲ ਅਨੁਸ਼ਾਸਨ 'ਚ ਰਹਿਣਾ ਸਿੱਖਦਾ ਹੈ। ਅਧਿਆਪਕ ਤੇ ਵਿਦਿਆਰਥੀ ਦਾ ਰਿਸ਼ਤਾ ਸਕੂਲ ਤੋਂ ਹੁੰਦਾ ਹੋਇਆ ਕਾਲਜ, ਯੂਨੀਵਰਸਿਟੀ ਤਕ ਪਹੁੰਚਦਾ ਹੈ।

ਇਸ ਦੁਨੀਆਂ ਦੀ ਸੁੰਦਰਤਾ ਨੂੰ ਵਧਾਉਣ ਲਈ ਜੇਕਰ ਕੋਈ ਮਹਾਨ ਯੋਗਦਾਨ ਪਾਉਂਦਾ ਹੈ ਤਾਂ ਉਹ ਅਧਿਆਪਕ ਹੀ ਹੈ, ਇਕ ਅਧਿਆਪਕ ਹੀ ਉਸ ਪੀੜ੍ਹੀ ਨੂੰ ਤਿਆਰ ਕਰਦਾ ਹੈ ਜਿਹੜੇ ਅੱਗੇ ਵਧ ਕੇ ਮਹਾਨ ਵਿਚਾਰਧਾਰਾ ਦੇ ਨਾਲ ਇਸ ਦੁਨੀਆਂ ਨੂੰ ਰੁਸ਼ਨਾਉਂਦੇ ਹਨ। ਇਸ ਲਈ ਇਤਿਹਾਸ ਵਿੱਚ ਸਭ ਤੋਂ ਵੱਧ ਯੋਗਦਾਨ ਅਧਿਆਪਕ ਵਰਗ ਦਾ ਹੀ ਹੁੰਦਾ ਹੈ। ਅਜਿਹੇ ਕਈ ਉਦਾਹਰਣ ਹਨ ਜਿਹੜੇ ਸਿੱਖਿਅਕ ਦੇ ਪ੍ਰਤੱਖ ਰੂਪ ਨੂੰ ਵਧਾਉਂਦੇ ਹਨ। ਏਕਲਵਯਾ ਦੀ ਆਪਣੇ ਗੁਰੂ ਦਰੋਣਾਚਾਰੀਆ ਦੀ ਮੂਰਤ ਬਣਾ ਕੇ ਖ਼ੁਦ ਸਿੱਖਣ ਦੀ ਕਹਾਣੀ ਗੁਰੂ ਦੇ ਪ੍ਰਤੀ ਇੱਜ਼ਤ ਦੀ ਵੱਡੀ ਉਦਾਹਰਣ ਹ ਗੁਰੂ, ਜਿਹੜਾ ਗਿਆਨ ਦਿੰਦਾ ਹੈ, ਉਸ ਨੂੰ ਸਮਾਜ ਵਿਚ ਸਭ ਤੋਂ ਉੱਚਾ ਸਨਮਾਨ ਸਿਰ ਪੁਰਾਣੀਆਂ ਕਹਾਣੀਆਂ ) ਚੋਂ ਹੀ ਨਹੀਂ ਬਲਕਿ ਮੌਜੂਦਾ ਸਮੇਂ ਵਿੱਚ ਵੀ ਵੇਖਿਆ ਜਾ ਸਕਦਾ ਹੈ। ਇਸ ਲਈ ਤਾਂ ਸਾਡੀ ਸਿੱਖਿਆ ਵਿਵਸਥਾ ਵਿਚ ਅੱਜ ਉਨ੍ਹਾਂ ਮਹੱਤਵਪੂਰਨ ਇਤਿਹਾਸਕ ਘਟਨਾਵਾਂ ਦਾ ਜ਼ਿਕਰ ਅਕਸਰ ਹੀ ਕੀਤਾ ਜਾਂਦਾ ਹੈ ਜਿਨ੍ਹਾਂ ਤੋਂ ਸਾਨੂੰ ਬਹੁਤ ਕੁਝ ਸਿੱਖਣ ਨੂੰ ਮਿਲਣਾ ਹੈ। ਹੁਣ ਵੀ ਅਜਿਹੇ ਅਧਿਆਪਕ ਹਨ ਜਿਹੜੇ ਆਪਣੀ ਸਾਰੀ ਉਮਰ ਸਿੱਖਿਆ ਖੇਤਰ ਨੂੰ ਹੋਰ ਵਧੀਆ ਕਰਨ ਲਈ ਸਮਰਪਿਤ ਕਰ ਚੁੱਕੇ ਹਨ। ਅਧਿਆਪਕ ਸਮਾਜੀਕਰਨ ਪ੍ਰਕਿਰਿਆ ਦੀ ਨੀਂਹ ਹੈ। ਜਿਸ ਤਰ੍ਹਾਂ ਦੀ ਨੀਂਹ ਹੋਵੇਗੀ, ਉਸ ਤਰ੍ਹਾਂ ਦੀ ਹੀ ਪੀੜ੍ਹੀ ਹੋਵੇਗੀ ਅਤੇ ਜਿਸ ਤਰ੍ਹਾਂ ਦੀ ਪੀੜ੍ਹੀ ਹੋਵੇਗੀ, ਉਸ ਤਰ੍ਹਾਂ ਦੀ ਹੀ ਸੱਭਿਅਤਾ ਹੋਵੇਗੀ। ਜੇਕਰ ਅਸੀਂ ਚੰਗੀ ਸੱਭਿਅਤਾ ਸਥਾਪਤ ਕਰਨੀ ਹੈ ਤਾਂ ਸਾਨੂੰ ਅਧਿਆਪਕ ਪ੍ਰਣਾਲੀ ਚੰਗੀ ਬਨਾਉਣ ਦੀ ਲੋੜ ਹੈ।ਇੱਕ ਚੰਗਾ ਅਧਿਆਪਕ ਹਮੇਸ਼ਾਂ ਆਪਣੇ ਵਿਦਿਆਰਥੀਆਂ ਵਿੱਚ ਹਰਮਨ ਪਿਆਰਾ ਬਣਿਆ ਰਹਿੰਦਾ ਹੈ। ਜੋ ਔਖੇ ਸੁਆਲਾਂ ਨੂੰ ਵੀ ਸੌਖੇ ਢੰਗ ਨਾਲ ਬੱਚਿਆਂ ਨੂੰ ਸਮਝਾਉਣ ਵਿੱਚ ਸਫਲ ਹੋ ਜਾਂਦਾ ਹੈ। ਇਸ ਦੇ ਨਾਲ ਹੀ ਹੁਸ਼ਿਆਰ ਬੱਚਿਆਂ ਨੂੰ ਸਮਝਾਉਣਾ/ਪੜ੍ਹਾਉਣਾ ਭਾਵੇਂ ਕਿ ਸੌਖਾ ਕੰਮ ਹੁੰਦਾ ਹੈ, ਪਰ ਕਮਜ਼ੋਰ ਵਿਦਿਆਰਥੀਆਂ ਵੱਲ ਉਚੇਚਾ ਧਿਆਨ ਦੇ ਕੇ, ਪਿਆਰ, ਲਗਨ, ਮਿਹਨਤ ਨਾਲ ਉਹਨਾਂ ਨੂੰ ਵੀ ਕਾਬਿਲ ਵਿਦਿਆਰਥੀਆਂ ਦੀ ਕਤਾਰ ਵਿੱਚ ਖੜ੍ਹਾ ਕਰਨ ਵਾਲਾ ਅਧਿਆਪਕ ਸਹੀ ਮਾਇਨਿਆਂ ਵਿੱਚ ਆਪਣੇ ਕਿੱਤੇ ਨਾਲ ਇਨਸਾਫ ਕਰ ਪਾਉਂਦਾ ਹੈ। ਵਿਦਿਆਰਥੀਆਂ ਦੇ ਮਨਾਂ ਅੰਦਰ ਉਤਸ਼ਾਹ, ਆਤਮ ਵਿਸ਼ਵਾਸ਼, ਦਿਲਚਸਪੀ ਪੈਦਾ ਕਰਨ ਦੀਆਂ ਅਹਿਮ ਜ਼ਿੰਮੇਵਾਰੀਆਂ ਨਿਭਾਉਣਾ ਅਧਿਆਪਕ ਦੇ ਹਿੱਸੇ ਵਿੱਚ ਆਉਂਦਾ ਹੈ ਅਤੇ ਇਹੀ ਕਾਰਣ ਹੈ ਕਿ ਅਧਿਆਪਕ ਨੂੰ ਸਮਾਜ ਸਿਰਜਕ ਕਿਹਾ ਜਾਂਦਾ ਹੈ।ਅਧਿਆਪਕ ਅਤੇ ਵਿਦਿਆਰਥੀ ਦੇ ਰਿਸ਼ਤਾ ਮਨੁੱਖ ਜ਼ਿੰਦਗੀ ਵਿੱਚਲੇ ਅਹਿਮ ਰਿਸ਼ਤਿਆਂ ਵਿੱਚੋਂ ਹੁੰਦਾ ਹੈ। ਹਰ ਅਧਿਆਪਕ ਲਈ ਜ਼ਰੂਰੀ ਹੈ ਕਿ ਬੱਚਿਆਂ ਦੇ ਮਨਾਂ ਅੰਦਰ ਵਿੱਦਿਆ ਪ੍ਰਤੀ ਚਾਨਣ ਪੈਦਾ ਕਰਨ ਦੇ ਨਾਲ ਨਾਲ ਨੈਤਿਕ ਗੁਣ ਪੈਦਾ ਕੀਤੇ ਜਾਣ। ਕਮਜ਼ੋਰ ਵਿਦਿਆਰਥੀਆਂ ਦੀ ਮੱਦਦ ਲਈ ਹਮੇਸ਼ਾ ਤਿਆਰ ਰਿਹਾ ਜਾਵੇ। ਵਿਦਿਆਰਥੀਆਂ ਅੰਦਰ ਚੰਗੇ ਸਦਾਚਾਰਕ ਗੁਣ ਪੈਦਾ ਕਰਨ ਲਈ ਅਧਿਆਪਕ ਦਾ ਆਪਣਾ ਜੀਵਣ ਵਿਦਿਆਰਥੀ ਲਈ ਸੱਭ ਤੋਂ ਪਹਿਲਾ ਪ੍ਰੇਰਣਾ ਸਰੋਤ ਹੋਵੇ। ਅਧਿਆਪਕ ਬੱਚੇ ਅੰਦਰ ਲੁਕੀ ਪ੍ਰਤਿਭਾ ਨੂੰ ਪਹਿਚਾਣ ਕੇ ਉਸਦੇ ਅੰਦਰ ਉਸ ਅੰਦਰ ਉਤਸ਼ਾਹ ਪੈਦਾ ਕਰ ਸਕਦੇ ਹਾ ਜਿਸ ਪ੍ਰਤੀ ਸ਼ਾਇਦ ਵਿਦਿਆਰਥੀ ਸੰਵੇਦਨਸ਼ੀਲ ਨਹੀਂ ਹੁੰਦਾ ।ਸਰਕਾਰ ਦੁਆਰਾ ਚੰਗੀ ਕਾਰਗੁਜ਼ਾਰੀ ਲਈ ਅਧਿਆਪਕਾ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਪਰ ਇੱਕ ਅਧਿਆਪਕ ਹਮੇਸ਼ਾ ਉਸ ਸਮੇਂ ਮਾਣ ਮਹਿਸੂਸ ਕਰਦਾ ਹੈ ਜਦੋਂ ਉਸ ਤੋਂ ਸਿੱਖਿਆ ਪ੍ਰਾਪਤ ਕਰ ਕੋਈ ਵਿਦਿਆਰਥੀ ਕਿਸੇ ਉੱਚ ਅਹੁਦੇ ਤੇ ਪਹੁੰਚ ਜਾਂਦਾ ਹੈ ਜਾਂ ਸਮਾਜ ਵਿੱਚ ਵਿਚਰਦਿਆ ਆਪਣੀ ਇੱਕ ਵੱਖਰੀ ਪਹਿਚਾਣ ਬਣਾਉਂਦਾ ਹੈ। ਅਸੀਂ ਸਭ ਜੋ ਆਪਣੇ ਪਿਛੋਕੜ ਵੱਲ ਝਾਤ ਮਾਰੀਏ ਤਾਂ ਸਾਨੂੰ ਇਹ ਅਹਿਸਾਸ ਹੋਵੇਗਾ ਕਿ ਅੱਜ ਅਸੀਂ ਜਿਸ ਮੁਕਾਮ ਤੇ ਵੀ ਹਾਂ ਉੱਥੇ ਪਹੁੰਚਾਉਣ ਵਿੱਚ ਸਾਡੇ ਸਤਿਕਾਰਯੋਗ ਅਧਿਆਪਕਾਂ ਦਾ ਹੀ ਹੱਥ ਹੈ। ਜਦ ਵੀ ਟੀਚਰ ਆਪਣੇ ਹੱਕ ਦੀ ਲੜਾਈ ਲੜਨ ਲਈ ਸਾਹਮਣੇ ਆਏ ਹਨ ਉਨ੍ਹਾਂ ਉੱਤੇ ਤਸ਼ੱਦਦ ਢਾਇਆ ਗਿਆ ਹੈ। ਪੁਲਿਸ ਵਲੋਂ ਉਨ੍ਹਾਂ ਦੇ ਸਨਮਾਨ ਲਈ ਉਨ੍ਹਾਂ 'ਤੇ ਲਾਠੀਆਂ ਦੀ ਬੁਛਾਰ ਕੀਤੀ ਜਾਂਦੀ ਹੈ।

ਹੁਣ ਜਿਹੜੇ ਟੀਚਰਾਂ ਜਾਂ ਅਧਿਆਪਕਾਂ 'ਤੇ ਪੁਲਿਸ ਵਾਲਿਆਂ ਵਲੋਂ ਲਾਠੀਆਂ ਦੀ ਵਰਸਾਤ ਕੀਤੀ ਜਾਂਦੀ ਹੈ ਉਨ੍ਹਾਂ ਦੇ ਬੱਚੇ ਹੀ ਉਨ੍ਹਾਂ ਟੀਚਰਾਂ ਕੋਲ ਫਿਰ ਸਿੱਖਿਆ ਗ੍ਰਹਿਣ ਕਰਨ ਲਈ ਜਾਂਦੇ ਹਨ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਟੀਚਰਾਂ ਦਾ ਇਹੋ ਜਿਹਾ ਸਨਮਾਨ ਉਨ੍ਹਾਂ ਨੂੰ ਤੁਹਾਡੇ ਬੱਚਿਆਂ ਨੂੰ ਸਿੱਖਿਅਤ ਕਰਨ ਦੀ ਇਵਜ਼ ਵਿੱਚ ਦਿੱਤਾ ਜਾਂਦਾ ਹੈ ।।ਅਸਲ ਵਿੱਚ ਟੀਚਰ ਜਾਂ ਅਧਿਆਪਕ ਦਾ ਰੁਤਬਾ ਪਹਿਲੇ ਵਾਲਾ ਨਹੀਂ ਰਹਿ ਗਿਆ। ਏਥੇ ਏਕਲੱਵਿਆ ਨਹੀਂ ਰਹੇ ਕਿ ਉਹ ਟੀਚਰ ਜਾਂ ਆਪਣੇ ਗੁਰੂ ਦੇ ਕਹਿਣ 'ਤੇ ਆਪਣਾ ਅੰਗੂਠਾ ਕੱਟ ਦੇਣ।

ਅੱਜ ਦੇ ਸਮੇਂ ਸਿੱਖਿਆ ਤੇ ਅਧਿਆਪਕ ਅਤੇ ਵਿਦਿਆਰਥੀ ਦੇ ਰਿਸ਼ਤੇ ਵਿੱਚ ਕਾਫ਼ੀ ਬਦਲਾਅ ਆਇਆ ਹੈ।

ਅੱਜ ਆਮ ਹੀ ਸੁਣਨ ਵਿੱਚ ਆਉਂਦਾ ਹੈ ਕਿ ਅਧਿਆਪਕ ਨੇ ਕਿਸੇ ਵਿਦਿਆਰਥੀ ਨੂੰ ਝਿੜਕਿਆ ਜਾਂ ਮਾਰਿਆ ਤੇ ਬਦਲੇ ਵਿੱਚ ਵਿਦਿਆਰਥੀ ਨੇ ਅਧਿਆਪਕ ਨੂੰ ਕੁੱਟ ਸੁਟਿਆ। ਅੱਜ ਵਿਦਿਆਰਥੀਆਂ ਵਿੱਚ ਸਤਿਕਾਰ ਦੀ ਭਾਵਨਾ ਲੋਪ ਹੋ ਗਈ ਹੈ ਅਤੇ ਵਿਦਿਆਰਥੀਆਂ ਦੇ ਮਨ ਵਿੱਚ ਹਿੰਸਕ ਭਾਵਨਾ ਭਾਰੂ ਹੋ ਗਈ ਹੈ। ਅਧਿਆਪਕ ਵਿਦਿਆਰਥੀ ਦੇ ਰਿਸ਼ਤੇ ਵਿੱਚ ਆਪਸੀ ਸਮਝ, ਪਿਆਰ ਤੇ ਸਤਿਕਾਰ ਦੀ ਭਾਵਨਾ ਦਾ ਅੰਤ ਹੋ ਚੁੱਕਾ ਹੈ। ਇੱਥੇ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਕੀ ਇੱਕ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਕਿਸੇ ਗ਼ਲਤ ਗੱਲ ਤੋਂ ਵਰਜ਼ ਨਹੀਂ ਸਕਦਾ? ਕੀ ਅਧਿਆਪਕ ਨੂੰ ਆਪਣੀਆਂ ਅੱਖਾਂ ਅੱਗੇ ਕੁਝ ਵੀ ਗ਼ਲਤ ਹੋਇਆ ਦੇਖ ਕੇ ਉਸ ਨੂੰ ਅਣਦੇਖਿਆ ਕਰਨਾ ਚਾਹੀਦਾ ਹੈ? ਬਹੁਤੇ ਅਧਿਆਪਕ ਇਸੇ ਤਰ੍ਹਾਂ ਹੀ ਕਰਦੇ ਹਨ ਉਹ ਬੱਚਿਆਂ ਨੂੰ ਘੱਟ-ਵੱਧ ਹੀ ਕੁਝ ਕਹਿੰਦੇ ਹਨ। ਅਮੀਰ ਪਰਿਵਾਰਾਂ ਦੇ ਵਿਦਿਆਰਥੀ ਤਾਂ ਅਧਿਆਪਕ ਦੀ ਆਖੀ ਸੁਣਨ ਦੀ ਥਾਂ ਆਪਣੇ ਪੈਸੇ ਦਾ ਦਿਖਾਵਾ ਕਰਨ ਵਿੱਚ ਹੀ ਉਲਝੇ ਰਹਿੰਦੇ ਹਨ। ਹੁਣ ਇਹ ਵੀ ਦੇਖਣ ਵਿੱਚ ਆਇਆ ਹੈ ਕਿ ਬਹੁਤੇ ਮਾਪੇ ਵੀ ਇਸ ਗੱਲ ਦੇ ਖ਼ਿਲਾਫ਼ ਹਨ ਕਿ ਉਨ੍ਹਾਂ ਦੇ ਬੱਚੇ ਨੂੰ ਅਧਿਆਪਕ ਝਿੜਕਦਾ ਕਿਉਂ ਹੈ ਜਾਂ ਕਿਸੇ ਗੱਲ ਤੋਂ ਰੋਕ-ਟੋਕ ਕਿਉਂ ਕਰਦਾ ਹੈ। ਇਹ ਵਰਤਾਰਾ ਉਹ ਨੌਜਵਾਨਾਂ ਦੇ ਭਵਿੱਖ ਲਈ ਠੀਕ ਨਹੀਂ।

ਮਾਪਿਆਂ ਨੂੰ ਵੀ ਚਾਹੀਦਾ ਹੈ ਕਿ ਵਿਦਿਆਰਥੀਆਂ ਅੰਦਰ ਇਹ ਭਾਵਨਾ ਪੈਦਾ ਕਰਨ ਕਿ ਅਧਿਆਪਕਾ ਨੂੰ ਵੀ ਮਾ ਬਾਪ ਹੀ ਸਮਝਿਆ ਜਾਵੇ ਅਤੇ ਉਹਨਾਂ ਦੀ ਹਰ ਗੱਲ ਮੰਨੀ ਜਾਵੇ ਅਤੇ ਦਿਲ ਤੋ ਸਤਿਕਾਰ ਕੀਤਾ ਜਾਵੇ ।ਵਿਦਿਆਰਥੀਆਂ ਨੂੰ ਇਹ ਚਾਹੀਦਾ ਹੈ ਕਿ ਆਪਣੇ ਅਧਿਆਪਕਾਂ ਦੀ ਕਿਸੇ ਵੀ ਝਿੜਕ ਦਾ ਗੁੱਸਾ ਨਾ ਕੀਤਾ ਜਾਵੇ, ਅਗਰ ਅਧਿਆਪਕ ਤੁਹਾਨੂੰ ਝਿੜਕ ਰਿਹਾ ਹੈ ਤਾਂ ਉਹ ਤੁਹਾਡੇ ਚੰਗੇਰੇ ਭਵਿੱਖ ਲਈ ਹੀ ਤੁਹਾਨੂੰ ਕੁਝ ਕਹਿ ਰਿਹਾ ਹੈ ।

## ਬੁਲੰਦ ਹੌਸਲੇ

ਰੱਖਦੇ ਅਸੀਂ ਬੁਲੰਦ ਹੌਸਲੇ, ਭਾਵੇਂ ਕੁਝ ਨਹੀਂ ਪੱਲੇ।
ਏਸੇ ਆਸ ਤੇ ਜਿਉਂਦੇ ਹਾਂ, ਫਿਰ ਹੁੰਦੀ ਬੱਲੇ ਬੱਲੇ।

ਹੜ੍ਹ ਆਵੇ ਜਾਂ ਆਵੇ ਸੋਕਾ, ਸ਼ਿਕਵਾ ਕਦੇ ਨਾ ਕਰੀਏ।
ਢੱਠੇ ਘਰ ਤੇ ਰੁੜ੍ਹੀਆਂ ਫਸਲਾਂ, ਹੱਸ ਕੇ ਸਭ ਕੁਝ ਜਰੀਏ।
ਜਦ ਤੱਕ ਪ੍ਰਭੂ ਦੀ ਨਜ਼ਰ ਸੁਵੱਲੀ, ਅਸੀਂ ਨਹੀਂ ਹਾਂ 'ਕੱਲੇ।

ਖਾਣ ਲਈ ਦਾਣਾ ਨਹੀਂ ਬਚਿਆ, ਮਰੀਆਂ ਮੱਝਾਂ ਗਾਵਾਂ।
ਬੱਚਿਆਂ ਨੂੰ ਗੋਦੀ ਵਿੱਚ ਲੈ ਕੇ, ਹੌਸਲਾ ਦੇਵਣ ਮਾਵਾਂ।
ਵੰਡ ਸਮੇਂ ਜਿਸਮਾਂ ਦੇ ਉੱਤੇ, ਬਹੁਤ ਹੰਢਾਏ ਹੱਲੇ।

ਦੇਸ਼ ਵਿਦੇਸ਼ੀਂ ਆਫ਼ਤ ਆਵੇ, ਭੱਜ ਕੇ ਕਰੀਏ ਸੇਵਾ।
ਇਸੇ ਸੇਵਾ ਤੋਂ ਖੁਸ਼ ਹੋ ਦਾਤਾ, ਬਖ਼ਸ਼ੇ ਸਾਨੂੰ ਮੇਵਾ।
ਇਹ ਪੰਜਾਬੀ ਸਭ ਤੋਂ ਅੱਗੇ, ਬਾਕੀ ਸਾਰੇ ਥੱਲੇ।

ਮੁਸ਼ਕਲ ਦੇ ਵਿਚ ਡਟੇ ਪੰਜਾਬੀ, ਕਿਤੇ ਨਾ ਪਿੱਠ ਵਿਖਾਉਂਦੇ।
ਬਿਜਲੀ ਲਿਸ਼ਕੇ, ਬੱਦਲ ਗਰਜੇ, ਸਭ ਨੂੰ ਠੁੱਠ ਵਿਖਾਉਂਦੇ।
ਕੀ ਕੀ ਦੱਸਾਂ, ਕੀ ਏਹਨਾਂ ਨੇ, ਕਿੰਨੇ ਦੁਖੜੇ ਝੱਲੇ।

ਆਸੇਪਾਸੇ ਮੱਚੀ ਤਬਾਹੀ, ਖਿੱਲਰਿਆ ਤੀਲਾ ਤੀਲਾ।
ਡੋਰੀ ਰੱਖ ਕੇ ਇੱਕੋ ਤੇ, ਇਹ ਜੀਣ ਦਾ ਕਰਦੇ ਹੀਲਾ।
ਇੱਕ ਦੂਜੇ ਨੂੰ ਢਾਰਸ ਦੇਵਣ, ਬੰਨ੍ਹ ਕਤਾਰਾਂ ਚੱਲੇ।




ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

## ਦੁਨੀਆਂ ਦਾ ਭਾਲਣ ਵਾਲਾ ਰੱਬ ਪ੍ਰਤੀ ਵੀ ਇਮਾਨਦਾਰ ਨਹੀਂ ਹੁੰਦਾ!

ਵਰਲਡ ਪੰਜਾਬੀ ਟਾਈਮਜ਼
ਜ਼ਫ਼ਰ ਇਕਬਾਲ ਜ਼ਫ਼ਰ

ਦੁਨੀਆਂ ਦੇ ਸਿਰਜਣਹਾਰ ਨੇ ਇਸ ਬਾਰੇ ਕਿਹਾ ਹੈ ਕਿ ਇਹ ਬਹੁਤ ਬੁਰਾ ਹੈ। ਧਰਤੀ ਦੀ ਸਤ੍ਹਾ 'ਤੇ ਰੱਬ ਨੂੰ ਦਰਸਾਉਂਦੀਆਂ ਅਣਗਿਣਤ ਸੁੰਦਰ ਰਚਨਾਵਾਂ ਨੂੰ ਦੇਖ ਕੇ, ਕੀ ਇਹ ਨਹੀਂ ਲੱਗਦਾ ਕਿ ਧਰਤੀ ਦੀ ਸਤ੍ਹਾ ਹੀ ਦੁਨੀਆਂ ਹੈ? ਇਸ ਸਵਾਲ ਦਾ ਜਵਾਬ ਦੇਣ ਲਈ, ਗਿਆਨ ਦੇ ਡੂੰਘੇ ਸਮੁੰਦਰ ਵਿੱਚ ਡੁੱਬਣ ਦੀ ਬਜਾਏ, ਆਓ ਸਮੁੰਦਰ ਦੀ ਸਤ੍ਹਾ 'ਤੇ ਰਹੀਏ ਅਤੇ ਜਾਣੀਏ ਕਿ ਇੱਛਾਵਾਂ ਅਤੇ ਦੁਨਿਆਵੀ ਇੱਛਾਵਾਂ ਦੀ ਦੁਨੀਆਂ ਨਾਲ ਜੁੜੇ ਲੋਕਾਂ ਦਾ ਵਿਵਹਾਰ ਦੁਨੀਆਂ ਦੇ ਚਿਹਰੇ ਦੀ ਜਾਣ-ਪਛਾਣ ਦੱਸਦਾ ਹੈ।

ਜੇਕਰ ਸਿਰਜਣਹਾਰ ਨੇ ਦੁਨੀਆਂ ਨੂੰ ਬੁਰਾ ਦੱਸਿਆ ਹੈ, ਤਾਂ ਝੂਠ, ਧੋਖਾ, ਧੋਖਾਧੜੀ, ਹਰਾਮ, ਜ਼ੁਲਮ, ਵਧੀਕੀ, ਬੇਈਮਾਨੀ, ਬੇਇਨਸਾਫ਼ੀ, ਵਿਭਚਾਰ, ਸੂਦਖੋਰੀ, ਵਿਸ਼ਵਾਸਘਾਤ ਆਦਿ ਵਰਗੀਆਂ ਸਾਰੀਆਂ ਬੁਰਾਈਆਂ ਦੇ ਜੋੜ ਨੂੰ ਦੁਨੀਆਂ ਕਿਹਾ ਜਾਂਦਾ ਹੈ। ਅਤੇ ਇਹ ਦੁਨੀਆਂ ਉਸ ਵਿਅਕਤੀ ਨਾਲ ਇਕੱਠੀ ਹੁੰਦੀ ਹੈ ਜੋ ਦੁਨਿਆਵੀ ਸੁਭਾਅ ਦਾ ਬਣ ਜਾਂਦਾ ਹੈ।
ਜੋ ਅਵਿਸ਼ਵਾਸੀ ਅਤੇ ਮੁਸਲਮਾਨ ਕੋਲ ਹੈ ਉਹ ਉਹ ਬਰਕਤ ਨਹੀਂ ਹੈ। ਬਰਕਤ ਸਿਰਫ਼ ਮਾਰਗਦਰਸ਼ਨ ਹੈ।

ਹਿਦਾਇਤ ਝੌਂਪੜੀ ਵਿੱਚ ਰਹਿਣ ਵਾਲੇ ਨੂੰ ਵੀ ਇੰਨੀ ਮਹਿੰਗੀ ਕਰ ਦਿੰਦੀ ਹੈ ਕਿ ਦੁਨੀਆ ਦੇ ਸਿੱਕੇ ਵੀ ਇਸਨੂੰ ਖਰੀਦਣ ਦੀ ਸ਼ਕਤੀ ਨਹੀਂ ਰੱਖਦੇ।

ਹਜ਼ਰਤ ਹਸਨ ਬਸਰੀ (ਰਹਿ.) ਕਹਿੰਦੇ ਹਨ ਕਿ ਦੁਨੀਆ ਦਾ ਪਿਆਰ ਸਾਰੀਆਂ ਬੁਰਾਈਆਂ ਦੀ ਜੜ੍ਹ ਹੈ।

ਹਜ਼ਰਤ ਅਲੀ (ਰਹਿ.) ਕਹਿੰਦੇ ਹਨ ਕਿ ਮੇਰੇ ਲਈ ਦੁਨੀਆ ਇੱਕ ਕੋੜ੍ਹੀ ਦੇ ਹੱਥ ਵਿੱਚ ਸੂਰ ਦੀਆਂ ਅੰਤੜੀਆਂ ਵਾਂਗ ਹੈ।

ਹਜ਼ਰਤ ਮੁਹੰਮਦ (ਸ.) ਕਹਿੰਦੇ ਹਨ ਕਿ ਦੁਨੀਆ ਮਰ ਚੁੱਕੀ ਹੈ ਅਤੇ ਇਸਦਾ ਭਾਲਣ ਵਾਲਾ ਇੱਕ ਕੁੱਤਾ ਹੈ।

ਇੱਕ ਵਿਸ਼ਵਾਸੀ ਲਈ, ਦੁਨੀਆ ਸਿਰਫ ਜੀਵਨ ਦੀਆਂ ਜ਼ਰੂਰਤਾਂ ਤੱਕ ਹੀ ਜਾਇਜ਼ ਹੈ, ਅਤੇ ਜੋ ਕੁਝ ਵੀ ਜ਼ਿਆਦਾ ਹੈ ਉਹ ਦੁਨੀਆ ਹੈ।

ਗਰੀਬੀ ਉਹ ਦੌਲਤ ਹੈ ਜੋ ਰੱਬ ਨੇ ਆਪਣੇ ਹਰ ਪਿਆਰੇ ਸੇਵਕ ਨੂੰ ਦਿੱਤੀ ਹੈ।

ਦੁਨੀਆ ਦੀਆਂ ਇੱਛਾਵਾਂ ਦਾ ਕੈਦੀ ਬਣਨ ਦੀ ਬਜਾਏ, ਜ਼ਿੰਦਗੀ ਨੂੰ ਗਰੀਬੀ ਦੇ ਆਜ਼ਾਦ ਮਾਹੌਲ ਵਿੱਚ ਆਤਮਾ ਦੀ ਉਡਾਣ ਦਾ ਆਨੰਦ ਮਾਣਨ ਦਿਓ।
ਜ਼ਿੰਦਗੀ ਦੀਆਂ ਮੁਸ਼ਕਲਾਂ ਪਰਲੋਕ ਦੀ ਸੌਖ ਦਾ ਸਬੂਤ ਹਨ। ਉਨ੍ਹਾਂ ਨਾਲ ਸਬਰ ਰੱਖੋ ਅਤੇ ਰੱਬ ਦੇ ਸਾਥੀ ਬਣੋ।

## ਗੁਰੂ ਤੇਗ ਬਹਾਦਰ ਸਿਮਰਿਐ



ਪਿਤਾ ਹਰਗੋਬਿੰਦ ਸਾਹਿਬ , ਮਾਤਾ ਨਾਨਕੀ ਦੇ ਜਾਏ।
ਸਿਰ ਸਾਂਈ ਗੁਜਰੀ ਦਾ,ਗੋਬਿੰਦ ਜੀ ਦੇ ਪਿਤਾ ਕਹਾਏ।

ਬਕਾਲੇ ਦੀ ਧਰਤੀ ਨੂੰ , ਤੁਸੀਂ ਭਾਗ ਦਾਤਾ ਜੀ ਲਾਏ।
26 ਸਾਲ , 9 ਮਹੀਨੇ , 13 ਦਿਨ , ਤਪ ਭੋਰੇ ਲਾਏ।

ਮੱਖਣ ਸ਼ਾਹ ਦੀ ਸੁਣ ਅਰਦਾਸ ਬੇੜਾ ਪਾਰ ਲੰਘਾਏ।
ਚੜ੍ਹ ਕੋਠੇ ਮੱਖਣ ਸ਼ਾਹ " ਗੁਰੂ ਲਾਧੋ ਰੇ" ਹੋਕਾ ਲਾਏ।

ਢੋਂਗੀ ਬਾਈ ਮੰਜੀਆਂ ਦੇ , ਪਾਖੰਡ ਸਾਹਮਣੇ ਆਏ।
ਰੱਬੀ ਕਿਰਪਾ ਹੋਈ ਜੀ, ਸੱਚੇ ਗੁਰੂ ਪ੍ਰਗਟ ਹੋ ਆਏ।

ਤੇਗ ਦਾ ਧਨੀ ਦਾਤਾ ਜੀ , ਤੇਗ ਦਾ ਮੀਂਹ ਵਰਸਾਏ।
ਤਾਹੀਂ ਤਿਆਗ ਮੱਲ ਤੋਂ ਜੀ ਤੇਗ ਬਹਾਦਰ ਹੋ ਜਾਏ।

ਗੁਰੂ ਪਿਤਾ, ਗੁਰੂ ਬੇਟਾ, ਦਾ ਖਿਤਾਬ ਗੁਰੂ ਜੀ ਪਾਏ।
ਗੁਰੂ ਪਰਉਪਕਾਰੀ ਜੀ, ਅਨੰਦਪੁਰ ਨਗਰ ਵਸਾਏ।

ਪੰਡਤਾਂ ਦੇ ਟੋਲੇ ' ਚੋਂ ਕਿਰਪਾ ਰਾਮ ਨੇ ਦਰਦ ਸੁਣਾਏ।
ਹਿੰਦੂ ਧਰਮ ਦੀ ਰੱਖਿਆ ਲਈ ਲੈ ਫਰਿਆਦ ਆਏ।

ਗੁਰੂ ਪੀਰ ਕੁਰਬਾਨ ਹੋਊ , ਗੁਰੂ ਜੀ ਮੁੱਖੋਂ ਫ਼ੁਰਮਾਏ।
ਤੇਰੇ ਤੋਂ ਵੱਡਾ ਕੌਣ ਗੁਰੂ ,ਗੋਬਿੰਦ ਰਾਇ ਆਖ ਸੁਣਾਏ।

ਸਾਡਾ ਗੁਰੂ ਤੇਗ ਬਹਾਦਰ ਹੈ , ਦਿੱਲੀ ਸੁਨੇਹਾ ਲਾਏ।
ਮੰਨੇ ਜੇ ਈਨ ਗੁਰੂ ਜੀ ਮੰਜ਼ੂਰ ਜੋ ਹੁਕਮ ਔਰੰਗੇ ਲਾਏ।

ਗੁਰੂ ਜੀ ਆਗਰੇ ਕੈਦ ਕੀਤਾ ਫਿਰ ਦਿੱਲੀ ਪਹੁੰਚਾਏ।
ਜੇਲ ਚਾਂਦਨੀ ਚੌਂਕ ਵਿਖੇ , ਗੁਰੂ ਪਿੰਜਰੇ ਕੈਦ ਕਰਾਏ।

ਧਰਮ ਬਦਲੋ ਜਾਂ ਕਰੋ ਕਰਾਮਾਤ ਇਹ ਹੁਕਮ ਸੁਣਾਏ।
ਨਹੀਂ ਮਰਨ ਨੂੰ ਤਿਆਰ ਰਹੋ, ਸ਼ਾਹੀ ਫੁਰਮਾਨ ਆਏ।

ਧੰਨ ਭਾਈ ਮਤੀ ਦਾਸ ਜੀ, ਦੇ ਸੀਸ ਸਿਦਕ ਨਿਭਾਏ।
ਤਨ ਆਰੇ ਨਾਲ ਦੋਫ਼ਾੜ ਹੋਇਆ, ਮੁੱਖੋਂ ਜਪੁਜੀ ਗਾਏ।

ਧੰਨ ਭਾਈ ਦਿਆਲਾ ਜੀ ਹੱਸ ਮੌਤ ਨੂੰ ਗਲੇ ਲਗਾਏ।
ਉਬਲੇ ਦੇਗ ਅਡੋਲ ਬੈਠਾ , ਵੇਖ ਮੌਤ ਵੀ ਭੈਅ ਖਾਏ।

ਧੰਨ ਭਾਈ ਸਤੀ ਦਾਸ , ਵੇਖ ਮੌਤ ਵੀ ਕੰਬਦੀ ਜਾਏ।
ਰੂੰ ਮੜ੍ਹੀ ਕੋਮਲ ਤਨ ਤੇ, ਜਿਉਂਦੇ ਜੀ ਨੂੰ ਲਾਂਬੂ ਲਾਏ।

ਗੁਰੂ ਜੀ ਨੂੰ ਡਰਾਵਣ ਲਈ , ਸਾਰੇ ਹੀਲੇ ਅਪਣਾਏ।
ਗੁਰੂ ਜੀ ਅਡੋਲ ਰਹੇ , ਸ਼ਹਾਦਤ ਦਾ ਮਨ ਬਣਾਏ ।

ਕਰ ਇਸ਼ਨਾਨ , ਥੜ੍ਹੇ ਬੈਠੇ, ਗੁਰੂ ਮੁੱਖੋਂ ਜਪੁਜੀ ਗਾਏ।
ਚਿਹਰਾ ਨੂਰਾਨੀ ਹੈ , ਕਰ ਅਰਦਾਸ ਸ਼ੁਕਰ ਮਨਾਏ।

ਜਲਾਦ ਨੇ ਵਾਰ ਕੀਤਾ , ਸੀਸ ਧੜ ਤੋਂ ਵੱਖ ਹੋ ਜਾਏ।
ਧਰਤੀ ਅਸਮਾਨ ਕੰਬੇ , ਮੀਂਹ ਹਨੇਰੀ ਝੱਖੜ ਆਏ।

ਗੁਰੂ ਅਰਜਨ ਦਾ ਪੋਤਾ ਆਪਣੇ ਗੁਰੂ ਦਾਦੇ ਤੇ ਜਾਏ।
ਜੋਤੀ ਨਾਲ ਜੋਤ ਰਲੀ ਨੌਵੇਂ ਗੁਰੂ ਜੀ ਸ਼ਹਾਦਤ ਪਾਏ।

ਧੰਨ ਭਾਈ ਜੈਤਾ , ਗੁਰੂ ਸੀਸ ਅਨੰਦਪੁਰ ਲਿਆਏ।
ਰੰਘਰੇਟਾ ਗੁਰੂ ਕਾ ਬੇਟਾ ਗੋਬਿੰਦ ਜੀ ਆਖ ਬੁਲਾਏ।

ਭਾਈ ਉਦੈ, ਗੁਰਦਿੱਤਾ ਜੀ ,ਗੁਰੂ ਧੜ ਚੁੱਕ ਲਿਆਏ।
ਧੜ ਸਸਕਾਰ ਕਰੇ, ਲੱਖੀ ਸ਼ਾਹ ਘਰ ਨੂੰ ਅੱਗ ਲਾਏ।

ਪੰਡਿਤ ਕਿਰਪਾ ਰਾਮ ਜੀ ਗੁਰੂ ਦਾ ਸਿੰਘ ਸਜ ਜਾਏ।
ਚਮਕੌਰ ਜੰਗ ਸ਼ਹੀਦ ਹੋਆ ਆਪਣਾ ਫਰਜ਼ ਨਿਭਾਏ।

ਸ੍ਰੀ ਸੀਸ ਗੰਜ ਸਾਹਿਬ , ਧਰਮੀ ਸਾਕਾ ਯਾਦ ਕਰਾਵੇ।
ਤਿਲਕ ਜੰਞੂ ਦਾ ਰਾਖਾ ਸ੍ਰਿਸ਼ਟੀ ਦੀ ਚਾਦਰ ਬਣ ਜਾਵੇ।

ਗੁਰੂ ਸਮੁੱਚੀ ਲੋਕਾਈ ਦਾ ਗੁਰਬਾਣੀ ਰਾਹੀਂ ਸਮਝਾਵੇ।
ਸ੍ਰੀ ਰਕਾਬ ਗੰਜ ਸਾਹਿਬ ਭਾਗਾਂ ਵਾਲਾ ਦਰਸ਼ਨ ਪਾਵੇ।

ਰੂਹਾਨੀ ਬਾਣੀ ਗੁਰੂਆਂ ਦੀ , ਰੱਬ ਨਾਲ ਮੇਲ ਕਰਾਵੇ।
ਇਕਬਾਲ ,ਦਾਤਾ ਜੀ, ਗੁਰੂ ਚਰਨਾਂ ਦੀ ਧੂੜ ਹੋ ਜਾਵੇ।

ਵਰਲਡ ਪੰਜਾਬੀ ਟਾਈਮਜ਼
ਇਕਬਾਲ ਸਿੰਘ ਪੁੜੈਣ

## ਫੋਨ***""""""""""""



ਅੱਜ ਤੋਂ ਕਾਫ਼ੀ ਸਾਲ ਪਹਿਲਾਂ

ਇਕ ਦੂਜੇ ਨੂੰ ਚਿੱਠੀ ਲਿਖੀ ਜਾਂਦੀ ਸੀ।

ਚਿੱਠੀ ਨਾਲ ਹੀ ਅੱਧਾ ਮੇਲ ਹੋ ਜਾਂਦਾ ਸੀ।

ਚਿੱਠੀ ਹੀ ਇਕ ਦੂਜੇ ਨੂੰ ਠੰਡ ਪਾਉਂਦੀ ਸੀ।

ਉਸ ਵਕਤ ਧੀ ਵੀ ਮਾਂ ਪਿਉ ਨੂੰ

ਕਦੀ ਦੁਖ ਭਰੀ ਨਹੀਂ ਲਿਖਦੀ ਸੀ

ਪਰਿਵਾਰ ਦੀ ਸੁੱਖ ਸਾਦ ਲਿਖਦੀ ਸੀ।

ਨਾ ਹੀ ਸੱਸ ਦੀ ਕੋਈ ਸ਼ਿਕਾਇਤ ਕਰਦੀ ਸੀ।

ਹੁਣ ਤਾਂ ਚਿੱਠੀਆਂ ਖਤਮ ਹੋ ਗਈਆਂ ਹਨ

ਲੋਕਾਂ ਕੋਲ ਖੁਲਾਂ ਪੈਸਾ ਆਮਦਨ ਹੋ ਗਈ ਹੈ

ਜ਼ਰੂਰਤਾਂ ਵੀ ਵੱਧ ਗਈਆਂ ਹਨ।

ਅਜ ਕਲ ਫੋਨ ਆ ਗਿਆ ਹੈ

ਮਾਂ ਵੀ ਫੋਨ ਕਰਕੇ ਧੀ ਨੂੰ

ਇਕ ਇਕ ਗੱਲ ਕਰਦੀ ਹੈ

ਫਿਰ ਧੀ ਕਿਉਂ ਪਿੱਛੇ ਰਹਿ ਸਕਦੀ ਹੈ।

ਉਹ ਵੀ ਘਰ ਦੀ ਛੋਟੀ ਛੋਟੀ ਗੱਲ ਮਾਂ ਨੂੰ ਦਸ ਕੇ।

ਆਪਣੇ ਘਰ ਲੜਾਈ ਪਾ ਲੈਂਦੀ ਹੈ।

ਘਰ ਦੇ ਬੰਦੇ ਜੇਠ, ਦੇਵਰ ,ਨਨਾਣ ਸੋਹਰੇ ਜਠਾਣੀ,

ਦਰਾਣੀ ਸੱਸ ਨੇ ਇਹ ਕੀਤਾ ਇਹ ਆਖਿਆ ਸਭ ਕੁਝ ਦਸਦੀ ਹੈ।

ਇਸ ਫੋਨ ਨੇ ਤਾਂ ਘਰਾਂ ਦੇ ਘਰ ਬਰਬਾਦ ਕਰ ਦਿੱਤੇ।

ਖਾਸ ਕਰਕੇ ਮਾਵਾਂ ਦੀਆਂ ਗਲਤ ਸਿਖਿਆ ਕਾਰਣ

ਘਰ ਵਿਚ ਤਲਾਕ ਦੀ ਨੌਬਤ ਆ ਜਾਂਦੀ ਹੈ।

ਇਸ ਫੋਨ ਤੋਂ ਸੁਖ ਲੈਣਾ ਚਾਹੀਦਾ ਹੈ।

ਜੋ ਬੱਚੇ ਵਿਦੇਸ਼ ਵਿੱਚ ਬੈਠੇ ਹਨ ਉਹ ਬੱਚੇ ਵੀਡੀਓ ਕਾਲ

ਕਰਕੇ ਬਹੁਤ ਖੁਸ਼ ਹੁੰਦੇ ਹਨ।

ਫੋਨ ਤੇ ਹਰ ਤਰ੍ਹਾਂ ਦੀ ਗੱਲ ਕਰ ਸਕਦੇ ਹੋ

ਮੋਫ਼ਰ ਇੰਟਰਨੈਸ਼ਨਲ ਸਿੱਖ ਕੌਂਸਿਲ।

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ